ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ : ਸਿ :), ਪੰਜਾਬ।

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

ਪਬਲਿਕ ਨੋਟਿਸ

(3704 ਅਸਾਮੀਆ ਵਿਰੁੱਧ ਸਿਲੈਕਟ ਹੋਏ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਨ ਬਾਰੇ)

1.0 ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆ ਦੀਆ 3704 ਅਸਾਮੀਆ ਭਰਨ ਲਈ ਮਿਤੀ 28.02.2020 - 25.10.2020 ਨੂੰ ਇਸਤਿਹਾਰ ਦਿਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾ ਦੀ ਸੂਚੀ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀ ਗਈ ਸੀ। ਇਹਨਾ ਸਿਲੈਕਟ ਹੋਏ ਉਮੀਦਵਾਰਾਂ ਨੂੰ ਵੱਖ ਵੱਖ ਮਿਤੀਆਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 ਜਿਹਨਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਹਨਾ ਨੂੰ ਹੁਣ ਵਿਭਾਗ ਵਲੋਂ ਸਟੇਸ਼ਨ ਅਲਾਟ ਕੀਤੇ ਜਾਣੇ ਹਨ।

3.0 ਸਾਰੇ ਨਵ-ਨਿਯੁਕਤ ਅਧਿਆਪਕਾਂ ਦੀ ਵਿਸੇ ਵਾਰ ਸਟੇਸ਼ਨ ਚੋਣ ਸੂਚੀ ਤਿਅਰ ਕੀਤੀ ਗਈ ਹੈ, ਜੋ ਕਿ ਇਸ ਨੋਟਿਸ ਨਾਲ ਨੱਥੀ ਕੀਤੀ ਜਾਂਦੀ ਹੈ। ਸਮੂਹ ਨਵ-ਨਿਯੁਕਤ ਅਧਿਆਪਕਾ ਨੂੰ ਤੈਨਾਤੀ ਲਈ ਸਟੇਸ਼ਨ ਦੀ ਚੋਣ ਇਸੇ ਚੋਣ ਸੂਚੀ ਵਿਚ ਦਰਜ ਕ੍ਰਮ ਅਨੁਸਾਰ ਕਰਵਾਈ ਜਾਵੇਗੀ।

4.0 ਸਾਇੰਸ, ਹਿਸਾਬ ਅਤੇ ਅੰਗਰੇਜੀ ਵਿਸੇ ਦੇ ਨੱਵ ਨਿਯੁਕਤ ਅਧਿਆਪਕਾਂ ਨੂੰ ਹੇਠਾਂ ਦਰਸਾਏ ਸਡਿਊਲ ਅਨੁਸਾਰ ਸਟੇਸਨ ਅਲਾਟ ਕੀਤੇ ਜਾਣੇ ਹਨ। ਇਹ ਸਟੇਸਨ Zoom App ਰਾਹੀ ਅਲਾਟ ਕੀਤੇ ਜਾਣਗੇ। ਵਿਭਾਗ ਵਲੋਂ ਸਾਰੇ ਨਵ ਨਿਯੁਕਤ ਅਧਿਆਪਕਾਂ ਦੇ ਵਿਸ਼ਾਵਾਰ ਅਤੇ ਸਟੇਸਨ ਚੋਣ ਸੂਚੀ ਅਨੁਸਾਰ 100-100 ਅਧਿਆਪਕਾਂ ਦੇ ਵਟਸਐਪ ਗਰੁਪ ਪਹਿਲਾ ਤੋ ਹੀ ਬਣਾਏ ਗਏ ਹਨ। ਇਹਨਾਂ ਵਟਸਐਪ ਗਰੁਪਾਂ ਰਾਹੀ Zoom App ਦਾ ਲਿੰਕ ਨਿਸਚਿਤ ਮਿਤੀ ਅਤੇ ਸਮੇ ਤੇ ਭੇਜਿਆ ਜਾਵੇਗਾ।

ਲੜੀ ਨੰ:	ਮਾਸਟਰ ਕਾਡਰ ਵਿਸਾ	ਸਟੇਸਨ ਅਲਾਟ ਕਰਨ ਦੀ ਮਿਤੀ	ਸਮਾਂ	ਸਟੇਬਨ ਚੋਣ ਸੂਚੀ ਅਨੁਸਾਰ ਲੜੀ ਨੰ: ਤੱਕ
1	ਸਾਇੰਸ	21-04-2021	ਸਵੇਰੇ 11 ਵਜੇ	ਲੜੀ ਨੰ: 1 ਤੋ 200
2	ਹਿਸਾਬ	21-04-2021	ਸਵੇਰੇ 11 ਵਜੇ	ਲੜੀ ਨੰ: 1 ਤੋ 200
3	ਅੰਗਰੇਜੀ	21-04-2021	ਸਵੇਰੇ 11 ਵਜੇ	ਲੜੀ ਨੰ: 1 ਤੋ 200
4	ਸਾਇੰਸ	22-04-2021	ਸਵੇਰੇ 10 ਵਜੇ	ਲੜੀ ਨੰ: 201 ਤੋ 500
5	ਹਿਸਾਬ	22-04-2021	ਸਵੇਰੇ 10 ਵਜੇ	ਲੜੀ ਨੰ: 201 ਤੋ 500
6	ਅੰਗਰੇਜੀ	22-04-2021	ਸਵੇਰੇ 10 ਵਜੇ	ਲੜੀ ਨੰ: 201 ਤੋ 500
7	ਸਾਇੰਸ	23-04-2021	ਸਵੇਰੇ 10 ਵਜੇ	ਲੜੀ ਨੰ: 501 ਤੋ 800
8	ਹਿਸਾਬ	23-04-2021	ਸਵੇਰੇ 10 ਵਜੇ	ਲੜੀ ਨੰ: 501 ਤੋ 800
9	ਅੰਗਰੇਜੀ	23-04-2021	ਸਵੇਰੇ 10 ਵਜੇ	ਲੜੀ ਨੰ: 501 ਤੋ 800
10	ਸਾਇੰਸ	24-04-2021	ਸਵੇਰੇ 10 ਵਜੇ	ਲੜੀ ਨੰ: 801 ਤੋ ਸਾਰੇ
11	ਹਿਸਾਬ	24-04-2021	ਸਵੇਰੇ 10 ਵਜੇ	ਲੜੀ ਨੰ: 801 ਤੋ ਸਾਰੇ
12	ਅੰਗਰੇਜੀ	24-04-2021	ਸਵੇਰੇ 10 ਵਜੇ	ਲੜੀ ਨੰ: 801 ਤੋ ਸਾਰੇ

5.0 ਸਿਰਫ ਵਿਸ਼ਾ ਵਾਰ ਸਟੇਸ਼ਨ ਚੋਣ ਸੂਚੀ ਅਨੁਸਾਰ ਸਟੇਸ਼ਨ ਅਲਾਟਮੈਟ ਕੇਵਲ ਤੇ ਕੇਵਲ ਉਪਰੋਕਤ ਵਿੱਧੀ ਅਨੁਸਾਰ ਆਨ-ਲਾਇਨ ਕੀਤੀ ਜਾਵੇਗੀ। ਅਗਰ ਕੋਈ ਨਵ-ਨਿਯੁਕਤ ਅਧਿਆਪਕ ਆਪਣੇ ਸਟੇਸ਼ਨ ਅਲਾਟਮੈਂਟ ਲਈ ਉਚ ਅਧੀਕਾਰੀਆ ਪਾਸ ਕਿਸੇ ਵੀ ਤਰਾਂ ਪਹੁੰਚ ਕਰੇਗਾ ਜਾਂ ਕਿਸੇ ਵੀ ਤਰਾਂ ਸਿਫਾਰਿਸ ਕਰਵਾਏਗਾ ਤਾਂ ਉਸ ਨੂੰ ਉਸ ਦੀ ਪਸੰਦ ਅਨੁਸਾਰ ਸਟੇਸ਼ਨ ਅਲਾਟ ਨਹੀ ਕੀਤਾ ਜਾਵੇਗਾ ਅਤੇ ਵਿਭਾਗ ਵਲੋਂ ਉਸ ਨੂੰ ਆਪਣੇ ਆਪ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ। ਇਸ ਸਬੰਧੀ ਪਹਿਲਾ ਹੀ ਪੰਜਾਬ ਸਰਕਾਰ ਦੇ ਸਰਕਾਰੀ ਕਰਮਚਾਰੀ (ਕੰਡਕਟ) ਰੂਲਜ, 1966 ਵਿਚ ਸਪਸ਼ਟ ਤੋਰ ਤੇ ਦਰਜ ਕੀਤਾ ਹੋਇਆ ਹੈ।

ਇਸ ਲਈ ਨੱਵ-ਨਿਯੁਕਤ ਅਧਿਆਪਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹਨਾ ਵਲੋਂ ਸਟੇਸ਼ਨ ਅਲਾਟਮੈਂਟ ਲਈ ਵਿਭਾਗ ਤੇ ਕਿਸੇ ਵੀ ਤਰਾਂ ਦੇ ਬਾਹਰੀ ਦਬਾਅ ਪਾਉਣ ਤੋ ਗੁਰੇਜ ਕੀਤਾ ਜਾਵੇ।

21/04/2021

ਸਹਾਇਕ ਡਾਇਰੈਕਟਰ (ਸ:ਪ੍-2)
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 21.04.2021

Scanned by CamScanner